# ਸਿੱਖ ਧਰਮ



## ਵਿਸ਼ਵਾਸ

ਸਿਰਫ ਇੱਕ ਹੀ ਪਰਮਾਤਮਾ ਹੈ
ਪਰਮਾਤਮਾ ਨੇ ਸੱਭ ਕੁੱਝ ਬਣਾਇਆ ਹੈ
ਪਰਮਾਤਮਾ ਦੇ ਹੁਕਮ ਦੇ ਵਿੱਚ ਸਭ ਕੁਝ ਹੋ ਰਿਹਾ ਹੈ
ਪਰਮਾਤਮਾ ਨੂੰ ਵਾਹਿਗੁਰੂ ਕਿਹਾ ਗਿਆ ਹੈ



## ਸੰਸਥਾਪਕ

ਸਿੱਖ ਧਰਮ ਵਿੱਚ ੧੦ ਗੁਰੂ ਹੋਏ ਹਨ
ਪਹਿਲੇ ਗੁਰੂ, ਗੁਰੂ ਨਾਨਕ ਸਨ
ਸੱਭ ਗੁਰੂਆਂ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ



## ਭਗਤੀ

ਸਿੱਖ ਗੁਰਦੁਆਰੇ ਵਿੱਚ ਭਗਤੀ ਕਰਦੇ ਹਨ
ਕੋਈ ਵੀ ਗੁਰਦੁਆਰੇ ਵਿੱਚ ਆ ਸਕਦਾ ਹੈ
ਕੋਈ ਵੀ ਗੁਰਦੁਆਰੇ ਵਿੱਚ ਲੰਗਰ ਛੱਕ ਸਕਦਾ ਹੈ
ਸਿੱਖ ਦਿਨ ਵਿਚ ੩ ਵਾਰ ਪ੍ਰਾਰਥਨਾ ਕਰਦੇ ਹਨ



## ਝੰਡਾ

ਸਿੱਖ ਝੰਡੇ ਨੂੰ ਨਿਸ਼ਾਨ ਸਾਹਿਬ ਕਿਹਾ ਜਾਂਦਾ ਹੈ
ਤੁਸੀਂ ਇਸ ਨੂੰ ਗੁਰਦੁਆਰੇ ਵਿੱਚ ਦੇਖ ਸਕਦੇ ਹੋ



## ਵਰਦੀ

ਸਿੱਖ ੫ ਨਿਸ਼ਾਨ ਜਾ ਕਕਾਰ ਪਹਿਣਦੇ ਹਨ
ਉਹ ਆਪਣੇ ਸਿਰ ਨੂੰ ਪੱਗ ਜਾ ਦਸਤਾਰ ਨਾਲ ਢੱਕਦੇ ਹਨ
ਗੁਰੂ ਗੋਬਿੰਦ ਸਿੰਘ, ੧੦ ਵੇਂ ਗੁਰੂ ਸਾਹਿਬ ਨੇ ਉਹਨਾਂ ਨੂੰ ਵਰਦੀ ਦਿੱਤੀ ਹੈ



## ਚਿੰਨ੍ਹ

ਖੰਡਾ, ਸਿੱਖੀ ਦਾ ਚਿੰਨ੍ਹ ਹੈ
ਖੰਡਾ,ਪਰਮਾਤਮਾ ਦੀ ਤਾਕਤ ਦਰਸਾਉਂਦਾ ਹੈ
ਇਹ ਸਿੱਖਾਂ ਨੂੰ ਤਾਕਤਵਰ ਅਤੇ ਚੰਗੇ ਵਿਅਕਤੀ ਰਹਿਣ ਦੀ ਯਾਦ ਦਿਵਾਉਂਦਾ ਹੈ



## ਬਰਾਬਰੀ

ਸੰਸਾਰ ਵਿਚ ਸਾਰੇ ਮਨੁੱਖ ਬਰਾਬਰ ਹਨ
ਸਿੱਖ ਸੱਭ ਤਰਾਂ ਦੇ ਵਿਅਕਤੀਆਂ ਦੀ ਸੇਵਾ ਕਰਦੇ ਹਨ
ਸਿੱਖ ਵਿਸ਼ਵਾਸ ਕਰਦੇ ਹਨ ਕਿ ਸਾਰੇ ਪਰਮਾਤਮਾ ਨੂੰ ਮਿੱਲ ਸਕਦੇ ਹਨ



## ਸੰਸਥਾ

ਸਿੱਖ ਸਾਰੀਆਂ ਸੰਸਥਾਵਾਂ ਦੀ ਗੁਰਦੁਆਰੇ ਵਿੱਚ ਸੇਵਾ ਕਰਦੇ ਹਨ
ਉਹ ਆਪਣੀ ਕਮਾਈ ਵਿੱਚੋਂ ਦਾਨ ਲਈ ਪੈਸੇ ਦਿੰਦੇ ਹਨ
ਇਸ ਨੂੰ ਦਸਵੰਧ ਕਿਹਾ ਜਾਂਦਾ ਹੈ

## ਸਿੱਖ ਦੇ 5 ਕਕਾਰ

ਕੇਸ ਅਣਕੱਟੇ ਵਾਲ, ਕੇਸਕੀ/ਦਸਤਾਰ,ਸਿਰ ਢੱਕਣੀ ਨਾਲ ਢਕੇ ਹੋਣ




### ਕੇਸ –

ਅਣਕੱਟੇ ਵਾਲ, ਪੱਗ ਅਤੇ ਕੇਸਕੀ ਜਾ ਸਿਰ ਢਕਣੀ ਨਾਲ ਢਕੇ ਹੋਣ



### ਕੜਾ -

ਲੋਹੇ ਦਾ ਕੜਾ, ਜੋ ਕਿ ਸਿੱਖਾਂ ਨੂੰ ਚੰਗੇ ਰਹਿਣ ਅਤੇ ਆਪਣੀਆਂ ਕਾਰਵਾਈਆਂ ਵਿੱਚ ਪਰਮਾਤਮਾ ਨੂੰ ਯਾਦ ਰੱਖਣ, ਯਾਦ ਕਰਵਾਉਂਦਾ ਹੈ




### ਕੰਘਾ-

ਲੱਕੜ ਦਾ ਕੰਘਾ ਜਿਸ ਨੂੰ ਦਿਨ ਵਿੱਚ ਦੋ ਵਾਰ ਕੇਸ਼ ਦੀ ਸੰਭਾਲ ਲਈ ਵਰਤਿਆ ਜਾਂਦਾ ਹੈ



### ਕਿਰਪਾਨ -

ਛੋਟੀ ਕਿਰਪਾਨ, ਜੋ ਕਿ ਹਰ ਵੇਲੇ, ਵਿਰੋਧੀਆਂ ਦੇ ਖਿਲਾਫ ਖੜੇ ਹੋਣ ਲਈ, ਹਰ ਵਕਤ ਪਾਈ ਜਾਂਦੀ ਹੈ



### ਕਛਹਿਰਾ -

ਅੰਡਰਵਿਅਰ ਜੋ ਕਿ ਨਿਮਰਤਾ ਅਤੇ ਸਵੈਸੰਤੋਖ ਨਾਲ ਸ਼ੁੱਧ ਅਤੇ ਇਮਾਨਦਾਰੀ ਵਾਲੀ ਜਿੰਦਗੀ ਜਿਉਣਾ ਦਰਸਾਉਂਦਾ ਹੈ

## ਸਿੱਖ ਸਿਰ ਢੱਕਣਾ

### ਆਦਮੀ ਅਤੇ ਲੜਕੇ



ਦਸਤਾਰ (ਪੱਗ)



ਦੁਮਾਲਾ (ਪੱਗ)



ਪਟਕਾ




ਰੁਮਾਲ


### ਔਰਤਾਂ ਅਤੇ ਲੜਕੀਆਂ




ਦਸਤਾਰ (ਪੱਗ)



ਕੇਸਕੀ (ਛੋਟੀ ਪੱਗ)



ਚੁੰਨੀ



## ਗੁਰੂ ਗ੍ਰੰਥ ਸਾਹਿਬ

ਇਹ ਪਵਿੱਤਰ ਗ੍ਰੰਥ ਸਿੱਖਾਂ ਦੇ ਗੁਰੂ ਹਨ
ਸਿੱਖ ਗੁਰੂ ਅੱਗੇ ਸਿਰ ਝੁਕਾਉਂਦੇ ਹਨ
ਸਿੱਖ ਆਪਣੇ ਗੁਰੂ ਦੀ ਸੇਵਾ ਪੂਰੀ ਇੱਜਤ ਨਾਲ ਕਰਦੇ ਹਨ



## ਚੌਰ ਸਾਹਿਬ

ਚੌਰ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਤੇ ਝੂਲਾਇਆ ਜਾਂਦਾ ਹੈ
ਇਹ ਇੱਜਤ ਅਤੇ ਮਹੱਤਵਪੂਰਨਤਾ ਦਿਖਾਉਣ ਵਜੋਂ ਹੁੰਦਾ ਹੈ



## ਕੀਰਤਨ

ਸਿੱਖ ਪਰਮਾਤਮਾ ਨੂੰ ਯਾਦ ਕਰਨ ਲਈ ਗਾਉਂਦੇ ਹਨ
ਇਸ ਨੂੰ ਕੀਰਤਨ ਕਿਹਾ ਜਾਂਦਾ ਹੈ
ਸਿੱਖ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਸ਼ਬਦਾਂ ਨੂੰ ਗਾਉਂਦੇ ਹਨ



## ਸਾਜ

ਜਦੋਂ ਕੀਰਤਨ ਗਾਇਆ ਜਾਂਦਾ ਹੈ, ਇੱਕ ਡ੍ਰਮ ਵੀ ਵਜਾਇਆ ਜਾਂਦਾ ਹੈ
ਇਸ ਨੂੰ ਤਬਲਾ ਕਹਿੰਦੇ ਹਨ
ਬਾਕੀ ਸਾਜ ਜੋ ਦਿਖਾਏ ਹਨ ਉਹ ਬਾਜਾ ਅਤੇ ਤਾਊਸ ਹਨ



## ਅੰਮ੍ਰਿਤ

ਸਿੱਖਾਂ ਦਾ ਇੱਕ ਸੰਸਕਾਰ ਹੈ ਜਿਸ ਨੂੰ ਅੰਮ੍ਰਿਤ ਸੰਚਾਰ ਕਹਿੰਦੇ ਹਨ
ਇਸ ਵਿੱਚ ਇਨਸਾਨ ਸਿੱਖ ਸੱਜਦਾ ਹੈ
5 ਸਿੱਖ ਅੰਮ੍ਰਿਤ ਤਿਆਰ ਕਰਦੇ ਹਨ



## ਸਿੱਖਿਆ

'ਸਿੱਖ' ਦਾ ਮਤਲਬ ਹੈ 'ਸਿੱਖਣਾ'
ਗੁਰੂ ਅਧਿਆਪਕ ਹੈ ਜੋ ਗੁਰਮਤਿ ਦੇ ਕੇ ਸਿਖਾਉਂਦਾ ਹੈ



## ਵਿਸ਼ਵ

ਜਿਆਦਾਤਰ ਸਿੱਖ ਭਾਰਤ ਵਿੱਚ ਰਹਿੰਦੇ ਹਨ
ਉਹ ਖਾਸ ਤੌਰ ਤੇ ਪੰਜਾਬ ਵਿੱਚ ਹਨ
ਕਈ ਸਿੱਖ ਵਿਦੇਸ਼ ਵਿੱਚ ਰਹਿੰਦੇ ਹਨ
ਇਸ ਸਮੇਂ ਕੁੱਝ 2 ਕਰੋੜ 50 ਲੱਖ ਸਿੱਖ ਹਨ

## ਗੁਰਮੁਖੀ ਲਿਪੀ

## ਗੁਰਮੁਖੀ ਲਿਪੀ ਭਾਸ਼ਾ

ਸਿੱਖ ਭਾਸ਼ਾ ਨੂੰ ਗੁਰਮੁਖੀ ਕਹਿੰਦੇ ਹਨ
ਇਸਦਾ ਮਤਲਬ ਹੈ 'ਗੁਰੂ ਦੁਆਰਾ ਕਹੇ ਸ਼ਬਦ'

www.sharecharityuk.com @sharecharityuk
Infographic Design by www.graphbaron.com